**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ, ਐਸ.ਏ.ਐਸ.ਨਗਰ।**

(ਕੈਂਪ: ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਐਸ.ਏ.ਐਸ ਨਗਰ)

**(ਅਮਲਾ-2 ਸ਼ਾਖਾ)**

ਨੋਟਿਸ ਬੋਰਡ ਰਾਹੀਂ

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ),
ਮਾਨਸਾ, ਬਰਨਾਲਾ, ਸੰਗਰੂਰ, ਪਟਿਆਲਾ।

ਮੀਮੋ ਨੰ: 20/06-20 ਅਮਲਾ 2 (2)/ 2020 93283
ਮਿਤੀ: ਐਸ.ਏ.ਐਸ ਨਗਰ: 18-3-2020

ਵਿਸ਼ਾ:- ਸਿਵਲ ਰਿੱਟ ਪਟੀਸ਼ਨ ਨੰ: 28206 ਆਫ 2019: ਸੁਰਿੰਦਰਜੀਤ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ: 20/06-20 ਅ 2 (2), ਮਿਤੀ 23.01.20 ਦੇ ਸਬੰਧ ਵਿੱਚ।

******

ਉਪਰੋਕਤ ਵਿਸ਼ਾ ਅੰਕਿਤ ਕੇਸ ਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਸਿਵਲ ਰਿੱਟ ਪਟੀਸ਼ਨ ਨੰ: 28206 ਆਫ 2019 ਸੁਰਿੰਦਰਜੀਤ ਸਿੰਘ ਅਤੇ ਹੋਰ ਬਨਾਮ ਸਰਕਾਰ ਵਿੱਚ ਦਰਜ਼ ਪਟੀਸ਼ਨਰਾਂ ਦੀ ਸੂਚੀ ਭੇਜਦੇ ਹੋਏ ਆਪਣੇ ਜਿਲ੍ਹੇ ਨਾਲ ਸਬੰਧਤ ਪਟਿਸ਼ਨਰਾਂ ਦੀ ਉਨ੍ਹਾਂ ਤੋਂ ਜੂਨੀਅਰ ਕਰਮਚਾਰੀ ਸ੍ਰੀ ਤਿਲਕ ਰਾਜ, ਹਿੰਦੀ ਮਾਸਟਰ, ਸਸਸਸ ਜੋਧਾ ਜਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਤੁਲਨਾਤਮਿਕ ਸਟੇਟਮੈਂਟ ਡੀ.ਡੀ.ਓ ਤੋਂ ਤਿਆਰ ਕਰਵਾਉਣ ਉਪਰੰਤ ਸ਼ੈਕਸ਼ਨ ਅਫਸ਼ਰ ਤੋਂ ਵੈਰੀਫਾਈ ਕਰਵਾਉਣ ਉਪਰੰਤ ਪ੍ਰਤੀ ਹਸਤਾਖਰ ਕਰਕੇ ਮਿਤੀ 19.06.19 ਨੂੰ ਜ਼ਾਰੀ ਸੀਨੀਆਰਤਾ ਅਨੁਸਾਰ ਸੀਨੀਆਰਤਾ ਨੰਬਰ ਅਤੇ ਸੀਨੀਅਰ/ਜੂਨੀਅਰ ਦੀ ਸੇਵਾ ਪੱਤਰੀ ਦੀ ਤਸਦੀਕਸ਼ੁਦਾ ਕਾਪੀ ਇੱਕ ਹਫਤੇ ਦੇ ਅੰਦਰ-ਅੰਦਰ ਡੀਲਿੰਗ ਸਹਾਇਕ ਰਾਹੀਂ ਦਸਤੀ ਇਸ ਦਫਤਰ ਵਿਖੇ ਭੇਜਣ ਲਈ ਲਿਖਿਆ ਗਿਆ ਸੀ, ਪ੍ਰੰਤੂ ਅਜੇ ਤੱਕ ਆਪ ਵੱਲੋਂ ਆਪਦੇ ਜਿਲ੍ਹੇ ਨਾਲ ਸਬੰਧਤ ਪਟੀਸ਼ਨਰਾਂ ਦੇ ਕੇਸ ਇਸ ਦਫਤਰ ਨੂੰ ਪ੍ਰਾਪਤ ਨਹੀਂ ਹੋਏ।

ਹੁਣ ਇਸ ਪੱਤਰ ਰਾਹੀਂ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਕਾਰਵਾਈ ਕਰਦੇ ਹੋਏ ਸੀਨੀਅਰ/ਜੂਨੀਅਰ ਸਬੰਧੀ ਕੇਸ ਤੁਰੰਤ ਇਸ ਦਫਤਰ ਨੂੰ ਭੇਜੇ ਜਾਣ। ਜੇਕਰ ਆਪ ਵੱਲੋਂ ਰਿਕਾਰਡ ਪ੍ਰਾਪਤ ਨਾ ਹੋਣ ਕਾਰਨ ਇਹ ਫੈਸਲਾ ਲਾਗੂ ਕਰਨ ਵਿੱਚ ਦੇਰੀ ਹੋਈ ਅਤੇ ਵਿਭਾਗ ਨੂੰ ਕੰਟੈਪਟ ਪਟੀਸ਼ਨ ਦਾ ਸਾਹਮਣਾ ਕਰਨਾ ਪਿਆ ਤਾਂ ਇਸਦੀ ਨਿਰੋਲ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਸਹਾਇਕ ਡਾਇਰੈਕਟਰ (ਸ.ਪ੍ਰ-2)

Scanned by CamScanner